# GURU NANAK DEV UNIVERSITY, AMRITSAR
(Established by the state legislature Act No. 21 of 1969)

## YOUTH WELFARE DEPARTMENT


No : YWD/ 743
Dated : 13-9-19

**ਅਤੀ ਜ਼ਰੂਰੀ**

ਯੂਨੀਵਰਸਿਟੀ ਨਾਲ ਸਬੰਧਿਤ ਸਮੂੰਹ ਕਾਲਜਾਂ ਦੇ ਪ੍ਰਿੰਸੀਪਲ/ਜੀ.ਐਨ.ਡੀ.ਯੂਨੀਵਰਸਿਟੀ ਕਾਲਜਾਂ ਦੇ ਪ੍ਰਿੰਸੀਪਲ/
ਡੀਨ ਵਿਦਿਆਰਥੀ ਭਲਾਈ, ਯੂਨੀ. ਕੈਂਪਸ, ਅੰਮ੍ਰਿਤਸਰ/ਐਸੋਸੀਏਟ ਡੀਨ/ਪ੍ਰਿੰਸੀਪਲ ਐਜੂਕੇਸ਼ਨ ਕਾਲਜਜ਼
ਓ.ਐਸ.ਡੀ. ਯੂਨੀ.ਰੀਜ਼ਨਲ ਕੈਂਪਸਜ਼ ਅਤੇ ਐਸੋਸੀਏਟ ਇੰਸਟੀਚਿਊਟਸ ਦੇ ਕੋਆਰਡੀਨੇਟਰ/ਪ੍ਰਿੰਸੀਪਲ

**ਵਿਸ਼ਾ: ਸਾਲ 2019-20 ਲਈ ਯੂਨੀਵਰਸਿਟੀ ਯੂਥ ਫੈਸਟੀਵਲ ਦੀ ਐਂਟਰੀ ਸਬੰਧੀ**

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਵਿਭਾਗ ਦੁਆਰਾ ਯੂਨੀਵਰਸਿਟੀ ਯੂਥ ਫੈਸਟੀਵਲਜ਼ ਅਕਤੂਬਰ, 2019 ਦੇ ਮਹੀਨੇ ਤੋਂ ਆਯੋਜਿਤ ਕੀਤੇ ਜਾਣ ਦੀ ਤਜਵੀਜ਼ ਹੈ। ਇਸ ਸਬੰਧੀ ਫੈਸਟੀਵਲ ਵਿਚ ਹਿੱਸਾ ਲੈਣ ਲਈ ਐਂਟਰੀ ਫਾਰਮ ਅਤੇ ਵਿਅਕਤੀਗਤ ਪ੍ਰੋਫਾਰਮਾ ਯੂਨੀਵਰਸਿਟੀ ਦੀ ਵੈਬਸਾਈਟ ਤੇ ਅੱਪਲੋਡ ਕਰ ਦਿੱਤਾ ਹੈ। ਆਪ ਜੀ ਸਬੰਧਿਤ ਟੀਚਰ-ਇੰਚਾਰਜ਼ ਨੂੰ ਹਦਾਇਤ ਕਰਨ ਦੀ ਖੇਚਲ ਕਰਨਾ ਕਿ ਐਂਟਰੀ ਫਾਰਮ ਪੂਰੀ ਤਰ੍ਹਾਂ ਭਰਕੇ ਕਾਲਜ ਪ੍ਰਿੰਸੀਪਲ/ਡੀਨ ਯੂਨੀਵਰਸਿਟੀ ਕੈਂਪਸ ਦੇ ਹਸਤਾਖਰ ਕਰਵਾ ਕੇ ਐਂਟਰੀ ਫੀਸ ਸਮੇਤ, ਜੋ ਕਿ 2000/-ਰੁਪੈ ਹੈ, ਵਿਭਾਗ ਨੂੰ ਸਮੇ ਸਿਰ ਭੇਜ ਦੇਵੇ।
ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਫੈਸਟੀਵਲ ਵਿਚ ਹਿੱਸਾ ਲੈਣ ਲਈ ਐਂਟਰੀ ਫਾਰਮ ਭੇਜੇ ਜਾਣ ਲਈ ਨਿਰਧਾਰਿਤ ਕੀਤੀ ਗਈ ਤਾਰੀਖ ਹੇਠ ਲਿਖਤ ਅਨੁਸਾਰ ਹੈ :

| | | |
|---|---|---|
| ਐਂਟਰੀ ਫਾਰਮ ਜਮ੍ਹਾਂ ਕਰਾਉਣ ਦੀ ਅੰਤਿਮ ਤਾਰੀਖ ਬਿਨਾ ਲੇਟ ਫੀਸ | - | 27-09-2019 |
| 500/-ਰੁਪੈ ਲੇਟ ਫੀਸ ਸਮੇਤ ਐਂਟਰੀ ਫਾਰਮ ਭੇਜਣ ਲਈ ਅੰਤਿਮ ਤਾਰੀਖ | - | 30-09-2019 |

ਅਤੀ ਜ਼ਰੂਰੀ ਨੋਟ : ਮਿਤੀ 30-09-2019 ਤੋਂ ਬਾਅਦ ਐਂਟਰੀ ਫਾਰਮ ਸਵੀਕਾਰ ਨਹੀ ਕੀਤਾ ਜਾਏਗਾ।

ਐਂਟਰੀ ਫਾਰਮ ਪ੍ਰਾਪਤ ਹੋਣ ਉਪਰੰਤ ਲਾਟਸ ਕੱਢਣ ਦਾ ਸ਼ੈਡਿਊਲ ਹੇਠ ਲਿਖਤ ਅਨੁਸਾਰ ਹੈ :

| | | |
|---|---|---|
| 1)ਜ਼ੋਨਲ ਯੂਥ ਫੈਸਟੀਵਲ 'ਡੀ' ਜ਼ੋਨ | : | 03-10-19 ਸਵੇਰੇ 10-30 ਵਜੇ |
| 2)ਸਰਕਾਰੀ ਕਾਲਜਜ਼/ਕੰਸਟੀਚਿਊਟ ਕਾਲਜਜ਼/ ਐਸੋਸੀਏਟ ਇੰਸਟੀਚਿਊਟਸ ਜ਼ੋਨਲ ਯੂਥ ਫੈਸਟੀਵਲ | : | 03-10-19 ਦੁਪਹਿਰ 2-00 ਵਜੇ |
| 3)ਜ਼ੋਨਲ ਯੂਥ ਫੈਸਟੀਵਲ 'ਸੀ' ਜ਼ੋਨ | : | 04-10-19 ਸਵੇਰੇ 10-30 ਵਜੇ |
| 4)ਜ਼ੋਨਲ ਯੂਥ ਫੈਸਟੀਵਲ 'ਏ' ਜ਼ੋਨ | : | 04-10-19 ਦੁਪਹਿਰ 2-00 ਵਜੇ |
| 5)ਜ਼ੋਨਲ ਯੂਥ ਫੈਸਟੀਵਲ 'ਬੀ' ਜ਼ੋਨ | : | 07-10-19 ਸਵੇਰੇ 10-30 ਵਜੇ |
| 6)ਐਜੂਕੇਸ਼ਨ ਕਾਲਜਜ਼ ਯੂਥ ਫੈਸਟੀਵਲ | : | 07-10-19 ਦੁਪਹਿਰ 2-00 ਵਜੇ |

ਹਰੇਕ ਜ਼ੋਨਲ ਯੂਥ ਫੈਸਟੀਵਲ ਲਈ ਪਹਿਲਾਂ ਭੇਜੀ ਗਈ ਕਿਸੇ ਵੀ ਆਈਟਮ ਦੀ ਐਂਟਰੀ ਵਾਪਸ ਲੈਣ ਦੀ ਅੰਤਿਮ ਮਿਤੀ ਲਾਟਸ ਵਾਲੇ ਦਿਨ ਹੀ ਹੋਵੇਗੀ।

ਐਂਟਰੀ ਫੀਸ ਬੈਂਕ ਡਰਾਫਟ ਦੇ ਰੂਪ ਵਿਚ ਭੇਜੀ ਜਾਏ ਅਤੇ ਡਰਾਫਟ "Director Youth Welfare" ਦੇ ਨਾਮ ਹੋਵੇ ਅਤੇ Payable at Amritsar ਹੋਣਾ ਚਾਹੀਦਾ ਹੈ।

ਚਲਦਾ 2

# GURU NANAK DEV UNIVERSITY, AMRITSAR

(Established by the state legislature Act No. 21 of 1969)

## YOUTH WELFARE DEPARTMENT

No : YWD/-143
Dated : 13-9-19



ਫੈਸਟੀਵਲ ਵਿਚ ਹਿੱਸਾ ਲੈਣ ਵਾਲੇ ਹਰੇਕ ਵਿਦਿਆਰਥੀ ਨਾਲ ਸਬੰਧਿਤ ਦਸਤਾਵੇਜ਼ ਵਿਭਾਗ ਨੂੰ ਅਤੀ ਜਰੂਰੀ ਲੋੜੀਂਦੇ ਹਨ। ਜਿਸ ਨਾਲ ਹੇਠ ਲਿਖਤ ਦਸਤਾਵੇਜ਼ ਹਰ ਹਾਲਤ ਵਿਚ ਵਿਭਾਗ ਨੂੰ ਭੇਜੇ ਜਾਣ ਦੀ ਕਾਰਵਾਈ ਕੀਤੀ ਜਾਏ ਜੀ :

1) ਫੈਸਟੀਵਲ ਵਿਚ ਹਿੱਸਾ ਲੈਣ ਵਾਲੇ ਹਰੇਕ ਵਿਦਿਆਰਥੀ ਦਾ ਵਿਅਕਤੀਗਤ ਪ੍ਰੋਫਾਰਮਾ ਜੋ ਕਿ ਹਰੇਕ ਪੱਖ ਤੋਂ ਪੂਰੀ ਤਰ੍ਹਾਂ ਭਰਿਆ ਹੋਏ, ਕਾਲਜ ਪ੍ਰਿੰਸੀਪਲ/ਡੀਨ ਯੂਨੀਵਰਸਿਟੀ ਕੈਂਪਸ ਦੁਆਰਾ ਦਸਤਖਤ ਕੀਤਾ ਹੋਏ ਅਤੇ 2 ਤਸਦੀਕ ਸੁਦਾ ਫੋਟੋ ਲੱਗੀਆਂ ਹੋਣ ਅਤੇ ਫੋਟੋਂ ਕਾਲਜ ਪ੍ਰਿੰਸੀਪਲ/ਡੀਨ ਯੂਨੀਵਰਸਿਟੀ ਕੈਂਪਸ ਤੋਂ ਤਸਦੀਕ ਹੋਣ ਅਤੇ ਫੋਟੋ ਕਾਲਜ/ਕੈਂਪਸ ਵਿਚਲੇ ਰਿਕਾਰਡ ਨਾਲ ਮੇਲ ਖਾਂਦੀ ਹੋਏ।
2) ਜਨਮ ਤਾਰੀਖ ਦੇ ਸਬੂਤ ਵਜੋਂ ਮੈਟਰੀਕੁਲੇਸ਼ਨ ਸਰਟੀਫਿਕੇਟ ਦੀ ਤਸਦੀਕ ਸੁਦਾ ਫੋਟੋ ਕਾਪੀ
3) ਜੋ ਰੀਟਰਨ ਯੂਨੀਵਰਸਿਟੀ ਰਜਿਸਟਰੇਸ਼ਨ ਬ੍ਰਾਂਚ ਨੂੰ ਭੇਜੀ ਗਈ ਹੈ, ਉਸ ਦੀ ਫੋਟੋ ਕਾਪੀ, ਜੋ ਕਿ ਕਾਲਜ ਪ੍ਰਿੰਸੀਪਲ/ਡੀਨ ਯੂਨੀਵਰਸਿਟੀ ਕੈਂਪਸ ਦੁਆਰਾ ਤਸਦੀਕ ਕੀਤੀ ਹੋਏ। ਐਂਟਰੀ ਫਾਰਮ ਵਿਚ ਦਰਸਾਏ ਵਿਦਿਆਰਥੀਆਂ ਦੇ ਨਾਂਵਾਂ ਦੀ ਸੂਚੀ ਨੂੰ ਯੂਨੀਵਰਸਿਟੀ ਰਜਿਸਟਰੇਸ਼ਨ ਬ੍ਰਾਂਚ ਨੂੰ ਭੇਜੀ ਗਈ ਰੀਟਰਨ ਨਾਲ ਮੇਲ ਲਿਆ ਜਾਏ।

ਉਪਰੋਕਤ ਦਰਸਾਏ ਅਨੁਸਾਰ ਦਸਤਾਵੇਜ਼ ਵਿਭਾਗ ਦੇ ਦਫਤਰ ਨੂੰ ਮਿਤੀ 27-09-2019 ਤੱਕ ਹਰ ਹਾਲਤ ਵਿਚ ਭੇਜ ਦਿੱਤੇ ਜਾਣ ਤਾਂ ਕਿ ਲੋੜੀਂਦੀ ਕਾਰਵਾਈ ਸਮੇਂ ਸਿਰ ਕੀਤੀ ਜਾ ਸਕੇ।

ਉਪਰੋਕਤ ਨੂੰ ਅਤੀ ਜਰੂਰੀ ਸਮਝਿਆ ਜਾਏ ਤੇ ਸਬੰਧਿਤ ਟੀਚਰ-ਇੰਚਾਰਜ ਨੂੰ ਹਦਾਇਤ ਕਰਨ ਦੀ ਖੇਚਲ ਕੀਤੀ ਜਾਏ ਕਿ ਉਪਰੋਕਤ ਦਰਸਾਏ ਦਸਤਾਵੇਜ਼ ਮਿਤੀ 27-09-2019 ਤੱਕ ਵਿਭਾਗ ਨੂੰ ਹਰ ਹਾਲਤ ਵਿਚ ਭੇਜ ਦਿੱਤੇ ਜਾਣ।

ਧੰਨਵਾਦ ਤੇ ਸਤਿਕਾਰ ਸਹਿਤ,

ਵਿਸ਼ਵਾਸ ਪਾਤਰ

(ਡਾ. ਜਗਜੀਤ ਕੌਰ)
ਡਾਇਰੈਕਟਰ ਯੁਵਕ ਭਲਾਈ

ਨੱਥੀ : ਐਂਟਰੀ ਫਾਰਮ ਅਤੇ ਵਿਅਕਤੀਗਤ ਪ੍ਰੋਫਾਰਮਾ

ਅਤੀ ਜਰੂਰੀ ਨੋਟ : ਯੂਨੀਵਰਸਿਟੀ ਯੂਥ ਫੈਸਟੀਵਲ ਨਾਲ ਸਬੰਧਿਤ ਹਰ ਤਰ੍ਹਾਂ ਦੀ ਜਾਣਕਾਰੀ - ਐਂਟਰੀ ਫਾਰਮ, ਵਿਅਕਤੀਗਤ ਪ੍ਰੋਫਾਰਮਾ, ਫੇਸਟੀਵਲਾਂ ਦਾ ਸ਼ੈਡਿਊਲ, ਫੈਸਟੀਵਲ ਦੇ ਲਾਟਸ ਆਦਿ ਯੂਨੀਵਰਸਿਟੀ ਵੈਬਸਾਈਟ **gndu.ac.in** ਤੇ ਅੱਪਲੋਡ ਕਰ ਦਿੱਤੀ ਜਾਏਗੀ ਜੋ ਕਿ **www.gndu.ac.in -> Center/ Facilities -> Youth Welfare Department** ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।